# ਦਾਸਤਾਨ ਤਿੰਨ ਟਰੰਕਾਂ ਦੀ

ਦਰਸ਼ਕ ਵੀਰੋ, ਭੈਣੋ ਤੇ ਬੱਚਿਓ, ਅੰਗਰੇਜ਼ ਨੇ ਹਿੰਦੁਸਤਾਨ ’ਤੇ 200 ਸਾਲ ਰਾਜ ਕੀਤਾ। ਹਿੰਦੁਸਤਾਨ ਦੀ ਪੂਰੀ ਲੁੱਟ ਕੀਤੀ। ਹਿਦੁਸਤਾਨ ਵਾਸੀਆਂ ਨੂੰ ਗਰੀਬ ਕੀਤਾ ਤੇ ਵਲੈਤ ਵਾਲਿਆਂ ਨੂੰ ਅਮੀਰ ਕੀਤਾ। ਹਿੰਦੁਸਤਾਨ ਦੀ ਸਨਅਤ ਨੂੰ ਬਰਬਾਦ ਕੀਤਾ, ਕਾਰੀਗਰਾਂ ਦਾ ਉਜਾੜਾ ਕੀਤਾ ਤਾਂ ਜੋ ਵਲੈਤ ਤੋਂ ਕਾਰਖਾਨੇ ਚੱਲ ਸਕਣ। ਪਰ ਅੱਜ ਕਹਿ ਸਕਦੇ ਹਾਂ ਕਿ ਉਸ ਨੇ ਹਿੰਦੁਸਤਾਨ ਕੌਮ ਦਾ ਜਿਹੜਾ ਸਭ ਤੋਂ ਵੱਡਾ ਨੁਕਸਾਨ ਕੀਤਾ ਉਹ ਹਿੰਦੁਸਤਾਨ ਦੀ ਵੰਡ ਹੈ। ਪੰਜਾਬ ਅਤੇ ਬੰਗਾਲ ਨੇ ਇਸਦਾ ਦੁੱਖ ਪੂਰੀ ਤਰ੍ਹਾਂ ਭੋਗਿਆ। ਪੰਜਾਬ ਵਾਲੇ ਹੁਣ ਤੱਕ ਭੋਗ ਰਹੇ ਹਨ। ਕਸ਼ਮੀਰ ਦਾ ਮਸਲਾ ਵੀ ਅੰਗਰੇਜ਼ ਦੀ ਦੇਣ ਹੈ। ਇਹ ਪਿਛਲੇ 53 ਸਾਲਾਂ ਤੋਂ ਪਾਕਿਸਤਾਨ ਅਤੇ ਹਿੰਦੁਸਤਾਨ ਲਈ ਲੜਾਈ ਅਤੇ ਆਪਸੀ ਨਫ਼ਰਤ ਦਾ ਕਾਰਨ ਹੈ। ਤਿੰਨ ਜੰਗਾਂ ਲੜੀਆਂ ਜਾ ਚੁੱਕੀਆਂ ਹਨ। ਕਦੀ ਕਾਰਗਿੱਲ ਦੀ ਜੰਗ ਅਤੇ ਕਦੀ ਅਗਵਾ ਕੀਤੇ ਜਹਾਜ਼ ਦੀ ਵਾਰਦਾਤ। ਨਫ਼ਰਤ ਦਾ ਤੁਫਾਨ ਉੱਠਦਾ ਹੈ, ਇਹ ਨਫ਼ਰਤ ਕ੍ਰਿਕਟ ਅਤੇ ਹਾਕੀ ਦੇ ਮੈਚਾਂ ਤੱਕ ਖੇਡ ਦੇ ਮੈਦਾਨ ਵਿਚ ਵੀ ਪੁੱਜ ਜਾਂਦੀ ਹੈ।

ਇਸ ਸਚਾਈ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਇਹ ਨਫ਼ਰਤ ਦੋਨਾਂ ਮੁਲਕਾਂ ਨੂੰ ਤਬਾਹ ਕਰ ਰਹੀ ਹੈ। ਬਰਲਿਨ ਦੀ ਦੀਵਾਰ ਤਾਂ ਟੁੱਟ ਗਈ ਹੈ, ਪਰ ਵਾਹਗਾ ਅਤੇ ਹੁਸੈਨੀਵਾਲਾ ਕਾਇਮ ਹਨ।

ਪੰਜਾਬ ਦੀ ਵੰਡ ਬਾਰੇ ਸਾਹਿਤ ਵਿਚ ਦੋ ਰਚਨਾਵਾਂ ਅਮਰ ਸਾਹਿਤ ਦਾ ਦਰਜਾ ਰੱਖਦੀਆਂ ਹਨ। ਇਕ ਅੰਮ੍ਰਿਤਾ ਪ੍ਰੀਤਮ ਦੀ ‘ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ ਤੇ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ’ ਜਾਂ ਸਆਦਤ ਹਸਨ ਦੀ ‘ਟੋਬਾ ਟੇਕ ਸਿੰਘ’। ਹੋਰ ਵੀ ਬੜੀਆਂ ਉੱਤਮ ਰਚਨਾਵਾਂ ਦੋਨੋਂ ਪਾਸੇ ਦੇ ਪੰਜਾਬ ਦੇ ਲੋਕਾਂ ਦੀ

ਆਪਸੀ ਸਾਂਝ ਨੂੰ ਪੇਸ਼ ਕਰਦੀਆਂ ਹਨ। ਉਨ੍ਹਾਂ ਵਿਚੋਂ ਇਕ ਸੁਖਵੰਤ ਕੌਰ ਮਾਨ ਦੀ ਇਕ ਕਹਾਣੀ 'ਜਿੱਤ' ਹੈ। ਇਹਦਾ ਨਾਟਕੀ ਬਿਰਤਾਂਤ ਤੁਹਾਡੇ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਨਾਟਕ ਦੇ ਤਿੰਨ ਹੀ ਪਾਤਰ ਹਨ। ਕਿਸਾਨ ਗਿਆਨ ਸਿੰਘ, ਉਹਦੀ ਘਰਵਾਲੀ ਕਰਤਾਰ ਕੌਰ ਅਤੇ ਪਾਕਿਸਤਾਨ ਤੋਂ ਉਨ੍ਹਾਂ ਨੂੰ ਮਿਲਣ ਆਇਆ ਉਨ੍ਹਾਂ ਦਾ ਮਿਰਾਸੀ।

ਮੰਚ ਦੇ ਇਕ ਪਾਸੇ ਚੌਂਕੇ ਦਾ ਪ੍ਰਭਾਵ ਹੈ, ਦਰਮਿਆਨ ਇਕ ਮੰਜਾ ਹੈ, ਦੋ ਪੀੜੀਆਂ ਹਨ, ਗਿਆਨ ਸਿੰਘ ਦੇ ਹੱਥ ਵਿਚ ਇਕ ਚਿੱਠੀ ਹੈ, ਜਿਸ ਨੂੰ ਉਹ ਉੱਤੇ ਥੱਲੇ ਕਰਕੇ ਵਾਰ-ਵਾਰ ਪੜ੍ਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਰਤਾਰ ਕੌਰ ਦੁਪੱਟੇ ਨਾਲ ਹੱਥ ਪੂੰਝਦੀ ਹੋਈ ਚੌਂਕੇ ਵੱਲੋਂ ਆਉਂਦੀ ਹੈ।

ਕਰਤਾਰ ਕੌਰ : ਤੁਸੀਂ ਭਾਵੇਂ ਮੰਨੋ ਜਾਂ ਨਾ ਮੰਨੋ, ਸੱਚ ਤਾਂ ਸੱਚ ਹੀ ਰਹਿਣਾ ਏ, ਤੇ ਸੱਚ ਉਹੀ ਹੈ, ਜੋ ਸਾਡੀ ਗੁਰਬਾਣੀ ਵਿਚ ਲਿਖਿਆ ਏ।

ਗਿਆਨ ਸਿੰਘ : ਕੀ ਲਿਖਿਆ ਏ ?

ਕਰਤਾਰ ਕੌਰ : ਮੁਸਲਮਾਨ ਪਹਿਲੇ ਆਪਣੀ ਬਾਂਹ ਤੇਲ ਵਿਚ ਡੋਬੇ ਤੇ ਫੇਰ ਉਸ ਨੂੰ ਤਿਲਾਂ ਦੀ ਬੋਰੀ ਵਿਚ ਤੁੰਨ ਦੇਵੇ। ਜਿੰਨੇ ਤਿਲ ਬਾਂਹ ਨਾਲ ਲੱਗ ਜਾਣ ਉਨੀਆਂ ਸੋਹਾਂ ਚੁੱਕੇ ਤਾਂ ਵੀ ਉਹਦਾ ਇਤਬਾਰ ਨਾ ਕਰੋ।

ਗਿਆਨ ਸਿੰਘ : ਤੈਨੂੰ ਕਿਸ ਦੱਸਿਆ ਕਿ ਇਹ ਗੁਰਬਾਣੀ ਵਿਚ ਲਿਖਿਆ ਏ ?

ਕਰਤਾਰ ਕੌਰ : ਭਾਈ ਜੀ ਨੇ ਕਥਾ ਸੁਣਾਈ ਸੀ।

*(ਗਿਆਨ ਸਿੰਘ ਟਿਚਕਰ ਵਿਚ ਮੁਸਕਰਾਉਂਦਾ ਹੈ)*

ਗਿਆਨ ਸਿੰਘ : ਪਰ ਭਾਈ ਜੀ ਨੇ ਇਹ ਨਹੀਂ ਦੱਸਿਆ ਕਿ ਹਰਿਮੰਦਰ ਸਾਹਿਬ ਦੀ ਨੀਂਹ ਇਕ ਮੁਸਲਮਾਨ ਫਕੀਰ ਨੇ ਰੱਖੀ ਸੀ। ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਾਏ ਜਾਣ ਵੇਲੇ ਹਾਅ ਦਾ ਨਾਅਰਾ ਮਲੇਰਕੋਟਲਾ ਦੇ ਨਵਾਬ ਨੇ ਲਗਾਇਆ ਸੀ ਤੇ ਉਹ ਇਕ ਮੁਸਲਮਾਨ ਸੀ। ਤੇਰਾ ਕੀ ਖਿਆਲ ਏ ਕਿ ਤੇਰੀ ਸਹੇਲੀ ਲਹਿਣੋ ਮਿਰਾਸਨ ਜਾਂ ਉਹਦੇ ਪੁੱਤਰ ਬੇਈਮਾਨ ਹੋ ਗਏ ਨੇ ?

ਕਰਤਾਰ ਕੌਰ : ਹੋ ਹੀ ਗਏ ਨੇ। ਬਾਪੂ ਜੀ ਨੇ ਕਿੰਨੀਆਂ ਚਿੱਠੀਆਂ ਪਾਈਆਂ ਸਨ, ਕੋਈ ਜਵਾਬ ਆਇਆ ? ਨਹੀਂ। ਹੁਣ ਇਹ ਮੈਲੀ ਕੁਚੈਲੀ ਜਿਹੀ ਚਿੱਠੀ ਪਤਾ ਨਹੀਂ ਕਿਧਰੋਂ ਧੱਕੇ ਖਾਂਦੀ ਪਹੁੰਚ ਗਈ ਏ, ਨਾ ਕੋਈ ਉਹਦੇ 'ਤੇ ਤਾਰੀਖ ਅਤੇ ਨਾ ਹੀ ਕੋਈ ਹੋਰ ਗੱਲ। ਤੁਸੀਂ ਦੋ ਵਾਰ ਪੜ੍ਹ ਹਟੇ ਹੋ, ਸਾਡੇ ਟਰੰਕਾਂ ਬਾਰੇ ਇਕ ਅੱਖਰ ਵੀ ਨਹੀਂ ਲਿਖਿਆ।

ਹੋਰ ਬੇਈਮਾਨੀ ਕੀ ਹੁੰਦੀ ਏ ?

ਗਿਆਨ ਸਿੰਘ : ਤੈਨੂੰ ਤਾਂ ਬਸ ਟਰੰਕਾਂ ਦੀ ਪਈ ਹੋਈ ਏ, ਬਾਕੀ ਜੋ ਕੁਝ ਲਿਖਿਆ, ਉਹਦੇ ਵੱਲ ਧਿਆਨ ਨਹੀਂ ਦਿੱਤਾ। ਚਿੱਠੀ ਵੀ ਪੂਰੀ ਨਾ ਸੁਣੀ।

ਕਰਤਾਰ ਕੌਰ : ਟਰੰਕਾਂ ਵੱਲ ਧਿਆਨ ਨਾ ਜਾਵੇ ? ਮੈਨੂੰ ਤਾਂ ਸਭ ਕੁੱਝ ਕੱਲ੍ਹ ਵਾਕੁਣ ਯਾਦ ਏ। 15 ਅਗਸਤ ਤੋਂ ਪਹਿਲਾਂ ਹੀ ਜਦੋਂ ਪਤਾ ਲੱਗਿਆ ਕਿ ਪਾਕਿਸਤਾਨ ਬਣ ਜਾਣਾ ਏ ਤੇ ਸਾਡਾ ਉਥੇ ਰਹਿਣਾ ਮੁਸ਼ਕਲ ਹੋ ਜਾਣਾ ਏ ਤਾਂ ਬੇਜੀ ਨੇ ਸਾਨੂੰ ਸਾਰੀਆਂ ਨੂੰਹਾਂ ਨੂੰ ਆਖਿਆ... “ਕੁੜੀਓ ਆਪਣੀਆਂ ਕੀਮਤੀ ਚੀਜ਼ਾਂ ਦਾ ਇਕ-ਇਕ ਟਰੰਕ ਤਿਆਰ ਕਰ ਲਵੋ, ਵੇਲੇ ਸਿਰ ਭਾਜੜ ਨਾ ਪੈ ਜਾਏ... ਅਸੀਂ ਆਪਣੇ ਟਰੰਕ ਤੇ ਵਰੀ ਦੇ ਕੀਮਤੀ ਕਪੜਿਆਂ ਦਾ ਇਕ ਟਰੰਕ ਤਿਆਰ ਕਰ ਲਿਆ।

ਗਿਆਨ ਸਿੰਘ : ਤੇ ਟਰੰਕ ’ਚ ਕੀ-ਕੀ ਪਾਇਆ, ਯਾਦ ਹੈ ਕੁਝ ?

ਕਰਤਾਰ ਕੌਰ : ਯਾਦ ਕਿਉਂ ਨਹੀਂ ? ਗੋਟਿਆਂ ਨਾਲ ਮੜ੍ਹੇ ਹੋਏ ਦੁਪੱਟੇ, ਇਕ ਦੁਪੱਟਾ ਤਾਂ ਸੁੱਚੇ ਬਨਾਰਸੀ ਗੋਟੇ ਦਾ ਸੀ, ਮੈਂ ਤਾਂ ਸੱਚੀ ਇਕੋ ਵਾਰ ਉੱਤੇ ਲਿਆ ਸੀ।

ਗਿਆਨ ਸਿੰਘ : ਆਹੋ ਮੈਨੂੰ ਯਾਦ ਏ, ਜਦੋਂ ਤੂੰ ਲਿਆ ਸੀ। ਧਰਮ ਨਾਲ ਬੜਾ ਸੱਜਿਆ ਸੀ ਤੈਨੂੰ।

ਕਰਤਾਰ ਸਿੰਘ : ਸ਼ੁਕਰ ਏ, ਤੁਹਾਨੂੰ ਯਾਦ ਏ, ਹੋਰ ਤਾਂ ਮੇਰੇ ਬਾਰੇ ਤੁਹਾਨੂੰ ਕੋਈ ਗੱਲ ਯਾਦ ਨਹੀਂ ਰਹਿੰਦੀ। ਦੋ ਖੀਣ-ਖਾਬ ਦੇ ਸੂਟ ਸਨ, ਦੋ ਮਖ਼ਮਲ ਦੇ ਸੂਟ ਸਨ, ਬਨਾਰਸੀ ਲਹਿੰਗੇ ਸਨ। ਸਾਡੇ ਪਿੰਡ ਦਾ ਦਰਜ਼ੀ ਗੁਲਾਮ ਮੁਹੰਮਦ ਸੀ, ਉਹਨੇ ਹੀ ਮੇਰੇ ਦਾਜ ਦੇ ਸਾਰੇ ਸੂਟ ਸੀਤੇ ਸਨ। ਉਹਨੂੰ ਪਿੰਡ ਦੀਆਂ ਸਾਰੀਆਂ ਕੁੜੀਆਂ ਦੇ ਮੇਚੇ ਪਤਾ ਸਨ।

ਗਿਆਨ ਸਿੰਘ : ਦਰਜ਼ੀਆਂ ਦੀ ਇਹੋ ਮੌਜ ਹੁੰਦੀ ਏ, ਟੋਹ ਟੋਹ ਕੇ ਮੇਚੇ ਲੈਂਦੇ ਨੇ ਤੇ ਫੇਰ ਯਾਦ ਵੀ ਰੱਖਦੇ ਨੇ।

ਕਰਤਾਰ ਕੌਰ : ਬੱਸ ਟਿਚਕਰਾਂ ਕਰਨੀਆਂ ਤੇ ਤੁਹਾਡੇ ਕੋਲੋਂ ਸਿੱਖੇ। ਜਦੋਂ ਟਰੰਕ ਤਿਆਰ ਹੋ ਗਿਆ ਤਾਂ ਬੇਜੀ ਨੇ ਲਹਿਣੋ ਮਿਰਾਸਨ ਨੂੰ ਸੱਦਿਆ। ਇਕ ਇਕ ਕਪੜਾ ਫੋਲ ਫੋਲ ਕੇ ਵਿਖਾਇਆ।

ਗਿਆਨ ਸਿੰਘ : ਉਹ ਤਾਂ ਵਿਚਾਰੀ ਦੰਗ ਰਹਿ ਗਈ ਹੋਣੀ ਏ। ਸਾਰੀ ਉਮਰ ਇਕੋ ਝੱਗੇ ਵਿਚ ਕੱਟਣ ਵਾਲੀ ਮਿਰਾਸਨ।

ਕਰਤਾਰ ਕੌਰ : ਨਾਂ, ਸੱਗੋਂ ਉਸਦੀਆਂ ਅੱਖਾਂ ਵਿਚ ਲਗਾਤਾਰ ਅੱਥਰੂਆਂ ਦੀ ਝੜੀ ਲੱਗੀ ਹੋਈ ਸੀ। ਉਹ ਸਾਡੇ ਦੁੱਖ ਵਿਚ ਸ਼ਾਮਲ ਸੀ ਕਿ ਸਰਦਾਨੀਆਂ ਨੂੰ ਸਭ ਕੁਝ ਛੱਡ ਕੇ ਜਾਣਾ ਪੈ ਰਿਹਾ ਏ।

ਗਿਆਨ ਸਿੰਘ : ਉਸ ਵੇਲੇ ਇਹ ਥੋੜ੍ਹਾ ਪਤਾ ਸੀ ਕਿ ਇਕ ਵਾਰ ਜਾਣਾ ਏ ਤੇ ਫੇਰ ਆ ਹੀ ਨਹੀਂ ਸਕਣਾ।

ਕਰਤਾਰ ਕੌਰ : ਅੱਧੀ ਕੁ ਰਾਤੀਂ ਉਹਦੇ ਤਿੰਨੋਂ ਪੁੱਤਰ ਆਏ। ਅੱਲ੍ਹਾ ਮੀਆਂ ਨੂੰ ਆਪਣਾ ਗਵਾਹ ਮਿੱਥ ਅਮਾਨਤ ਵਿਚ ਖਿਆਨਤ ਨਾ ਕਰਨ ਦੀਆਂ ਸਹੁੰਆਂ ਖਾਂਦੇ ਟਰੰਕਾਂ ਨੂੰ ਸਿਰਾਂ 'ਤੇ ਚੁੱਕ ਕੇ ਆਪਣੇ ਘਰ ਲੈ ਗਏ। ਅਗੇ ਟਰੰਕਾਂ ਦਾ ਕੀ ਹੋਇਆ, ਉਹਦੇ ਬਾਰੇ ਮੇਰੇ ਨਾਲੋਂ ਵੱਧ ਤੁਹਾਨੂੰ ਪਤਾ ਏ।

ਗਿਆਨ ਸਿੰਘ : ਹਾਂ ਵੱਧ ਪਤਾ ਏ ਅਸੀਂ ਉਜੜ ਕੇ ਇਥੇ ਆ ਗਏ। ਪਾਕਿਸਤਾਨ ਦੀ ਜ਼ਮੀਨ ਬਦਲੇ ਇਧਰ ਜ਼ਮੀਨ ਵੀ ਅਲਾਟ ਹੋ ਗਈ। ਜ਼ਿੰਦਗੀ ਨਵੀਂ ਸ਼ੁਰੂ ਹੋ ਗਈ ਪਰ ਟਰੰਕਾਂ ਵਾਲੀ ਗੱਲ ਕਦੀ-ਕਦੀ ਘਰ ਵਿਚ ਜ਼ਰੂਰ ਚਲਦੀ ਰਹਿੰਦੀ।

ਕਰਤਾਰ ਸਿੰਘ : ਕਦੀ ਕਦੀ ਕਿਉਂ, ਮੈਨੂੰ ਤਾਂ ਹਮੇਸ਼ਾਂ ਯਾਦ ਰਹੀ। ਮੈਨੂੰ ਕਿਉਂ, ਬੇਬੇ ਜੀ ਤੇ ਬਾਪੂ ਜੀ ਜਿਨ੍ਹਾਂ ਚਿਰ ਜੀਉਂਦੇ ਰਹੇ ਉਨ੍ਹਾਂ ਨੂੰ ਵੀ ਯਾਦ ਰਹੀ। ਬਾਪੂ ਜੀ ਨੇ ਤਾਂ ਦੋ ਤਿੰਨ ਖ਼ਤ ਆਪਣੇ ਪਿਛਲੇ ਪਿੰਡ ਆਏ ਮਿਰਾਸੀਆਂ ਨੂੰ ਵੀ ਪਾਏ। ਬੜੇ ਖੁਸ਼ਕਤ ਅੱਖਰਾਂ ਵਿਚ ਆਪਣਾ ਪਤਾ ਵੀ ਲਿਖਿਆ ਪਰ ਜਵਾਬ ਕੋਈ ਆਇਆ ? ਕੋਈ ਨਾ। ਕਦੇ ਕਦੇ ਬਾਪੂ ਜੀ ਗੁੱਸੇ ਵਿਚ ਆ ਕੇ ਬੇਬੇ ਜੀ ਨੂੰ ਕਹਿ ਵੀ ਦੇਂਦੇ, ਕੁੱਤੇ ਮਿਰਾਸੀ ਕਪੜਿਆਂ ਉੱਤੇ ਹੀ ਬੇਇਮਾਨ ਹੋ ਗਏ।

ਗਿਆਨ ਸਿੰਘ : ਅੱਛਾ ਏ ਦੱਸ ਜੇਕਰ ਵਿਹਲੀ ਹੋ ਗਈ ਏਂ ਤਾਂ ਸਾਰੀ ਚਿੱਠੀ ਪੜ੍ਹ ਕੇ ਸੁਣਾਵਾਂ। ਟਰੰਕਾਂ ਦੀ ਗੱਲ ਤਾਂ ਨਹੀਂ ਲਿਖੀ ਪਰ ਹੋਰ ਬਹੁਤ ਕੁਝ ਲਿਖਿਆ ਹੈ।

ਕਰਤਾਰ ਕੌਰ : ਸੁਣਾਵੋਂ ਭਾਵੇਂ ਹੋਰ ਗੱਲ ਨੂੰ ਮੈਂ ਫਾਹੇ ਦੇਣਾ ਏ ?

ਗਿਆਨ ਸਿੰਘ : (ਚਿੱਠੀ ਨੂੰ ਅੱਖਾਂ ਦੇ ਨੇੜੇ ਲੈ ਕੇ ਜਾਂਦਾ ਹੈ।)

ਕਰਤਾਰ ਕੌਰ : ਐਡੀ ਨੀਝ ਪਏ ਕਿਉਂ ਲਾਉਂਦੇ ਹੋ, ਤੁਹਾਨੂੰ ਤਾਂ ਉਰਦੂ ਚੰਗੀ ਭਲੀ ਆਉਂਦੀ ਏ।

ਗਿਆਨ ਸਿੰਘ : ਉਰਦੂ ਤਾਂ ਆਉਂਦੀ ਏ ਪਰ ਵਿਚਾਰੇ ਕੱਚੀ ਸ਼ਾਹੀ ਨਾਲ ਡਕੇ ਡੋਬ-ਡੋਬ ਕੇ ਲਿਖੀ ਹੋਣੀ ਏ। ਕਿਧਰੇ ਲਿਖਾਈ ਫਿੱਕੀ ਪੈ ਗਈ ਏ ਤੇ ਕਿਧਰੇ ਪੂੰਝੇ ਪੈ ਗਏ ਨੇ... (ਪੜ੍ਹਦਾ ਹੈ ਤੇ ਫੇਰ ਕਰਤਾਰ ਕੌਰ ਨੂੰ ਸੰਬੋਧਨ ਹੁੰਦਾ ਹੈ।) ਸਾਡੀ, ਇਕ ਇਕ ਦੀ ਨਾਂ ਲੈ ਕੇ, ਸਿਹਤਯਾਬੀ ਮੰਗੀ ਹੋਈ ਏ। ਇਹ ਵੀ ਲਿਖਿਆ ਹੈ ਕਿ ਪਹਿਲੇ ਅੰਮਾ ਤੇ ਫੇਰ ਭਾਈ ਅਨਾਇਤਉਲਾ ਵਫ਼ਾਤ ਪਾ ਗਿਆ ਹੈ।

ਕਰਤਾਰ ਕੌਰ : ਕੀ ਲਿਖਿਆ ਏ ਲਹਿਣੋ ਜਹਾਨੋਂ ਤੁਰ ਗਈ ਏ ? ਮੇਰੇ ਨਾਲੋਂ ਵਰ੍ਹਾ

ਛੋਟੀ ਸੀ... ਪਰ ਉੱਪਰ ਵਾਲੇ ਦਾ ਕੀ ਪਤਾ ਕਿਹਨੂੰ ਪਹਿਲੇ ਬੁਲਾ ਲਵੇ... ਮੇਰੀ ਵਾਰੀ ਵੀ ਹੁਣ ਕਿਸੇ ਦਿਨ ਆ ਜਾਣੀ ਏ। ਅਗੋਂ ਪੜ੍ਹੋ ਹੁਣ ਵੱਡੇ ਭਰਾ ਦੇ ਟੱਬਰ ਦਾ ਭਾਰ ਵੀ ਅੱਲ੍ਹਾ ਰੱਖਾ ਉੱਤੇ ਪੈ ਗਿਆ ਹੈ। ਇਹ ਵੀ ਲਿਖਿਆ ਏ ਕਿ ਬਾਪੂ ਜੀ ਦਾ ਪਟਵਾਰੀ ਵੱਲ ਲਿਖਿਆ ਖ਼ਤ ਮਿਲ ਗਿਆ ਸੀ। ਸਾਰੇ ਟੱਬਰ ਨੂੰ ਚਾਅ ਚੜ੍ਹ ਗਿਆ ਸੀ ਕਿ ਸਰਦਾਰਾਂ ਨੇ ਆਪਣੇ ਮਰਾਸੀਆਂ ਨੂੰ ਭੁਲਾਇਆ ਨਹੀਂ। ਹਾਂ ਇਕ ਗੱਲ ਹੋਰ ਲਿਖੀ ਏ ਕਿ ਅੱਲ੍ਹਾ ਰੱਖਾ ਦਾ ਵੀਜ਼ਾ ਲੱਗ ਗਿਆ ਏ, ਉਹ ਦਸੰਬਰ ਦੀ ਸੱਤ ਤਾਰੀਖ ਨੂੰ ਆਪਣੇ ਜਜਮਾਨਾਂ ਨੂੰ ਮਿਲਣ ਆ ਰਿਹਾ ਏ।

ਕਰਤਾਰ ਕੌਰ : ਉਹ ਆ ਰਿਹਾ ਏ ? (ਪੀੜ੍ਹੀ ਖਿਸਕਾਣ ਦਾ ਐਕਸ਼ਨ) ਫੇਰ ਸ਼ਾਇਦ ਗੰਢਲੀ ਬੰਨ ਕੇ ਕੁਝ ਨਾ ਕੁਝ ਲਿਆਵੇਗਾ ਹੀ ? ਏਨਾ ਬੇਇਮਾਨ ਨਹੀਂ ਹੋ ਸਕਦਾ।

ਗਿਆਨ ਸਿੰਘ : ਪਤਾ ਨਹੀਂ ਲਿਆਏ ਕਿ ਨਾ, ਪਹਿਲੇ ਉਧਰ ਦੇ ਕਸਟਮ ਵਾਲੇ ਤੇ ਫੇਰ ਏਧਰ ਦੇ ਕਸਟਮ ਵਾਲੇ। ਕੁਝ ਲੰਘਣ ਦੇਂਦੇ ਨੇ ? (ਫਿਰ ਟਿਚਕਰ ਨਾਲ) ਨਾਲੇ ਮੁਸਲਮਾਨਾਂ ਦਾ ਕੀ ਏਤਬਾਰ ਕੀਤਾ ਜਾ ਸਕਦੈ ? ਉਹ ਆਪਣੀ ਬਾਂਹ ਤੇਲ ਵਿਚ ਡੋਬਣ ਤੇ ਫੇਰ ਤਿਲਾਂ ਦੀ ਬੋਰੀ...

ਕਰਤਾਰ ਕੌਰ : ਤੁਸੀਂ ਤਾਂ ਟਿਚਕਰ ਕਰਦੇ ਹੋ... ਮੈਨੂੰ ਤਾਂ ਉਹ ਰਾਤ ਯਾਦ ਏ ਜਦੋਂ ਲਹਿਣੋ ਨੇ ਆਖਿਆ ਸੀ... ਸਰਦਾਨੀਏ ਇਹ ਟਰੰਕ ਸਾਡੇ ਕੋਲ ਤੁਹਾਡੀ ਅਮਾਨਤ ਨੇ, ਮੈਂ ਨਾ ਰਹੀ ਤਾਂ ਮੇਰੇ ਪੁੱਤਰ ਇਸ ਅਮਾਨਤ ਨੂੰ ਸਾਂਭ ਕੇ ਰੱਖਣਗੇ। ਅੱਲ੍ਹਾ ਰੱਖਾ ਤਾਂ ਉਂਝ ਹੀ ਬੜਾ ਸਾਊ ਸੀ।

ਗਿਆਨ ਸਿੰਘ : ਤੈਨੂੰ ਤਾਂ ਅੱਲ੍ਹਾ ਰੱਖਾ ਵਿਚ ਰੱਬ ਦਿਸਣ ਲੱਗ ਪਿਆ ਏ।

ਕਰਤਾਰ ਕੌਰ : ਅੱਲ੍ਹਾ ਰੱਖਾ ਜਦੋਂ ਜੰਮਿਆ ਸੀ ਤਾਂ ਲਹਿਣੋ ਨੇ ਉਹਦਾ ਨਾਂਅ ਮੇਰੇ ਤੋਂ ਪੁੱਛ ਕੇ ਰੱਖਿਆ ਸੀ।

ਗਿਆਨ ਸਿੰਘ : ਤੇਰੇ ਤੋਂ ਪੁੱਛ ਕੇ ਰੱਖਿਆ ਸੀ ? ਉਹ ਕਿਸ ਤਰ੍ਹਾਂ ?

ਕਰਤਾਰ ਕੌਰ : ਕਹਿਣ ਲੱਗੀ, ਸਰਦਾਨੀਏ ਤੁਸੀਂ ਆਪਣੇ ਬੱਚੇ ਦਾ ਨਾਂਅ ਗੁਰਦੁਆਰੇ ਮੱਥਾ ਟੇਕ ਕੇ ਭਾਈ ਜੀ ਕੋਲੋਂ ਅੱਖਰ ਕਢਵਾ ਕੇ ਰੱਖਦੇ ਹੋ, ਭਲਾ ਅੱਜ ਕੀ ਅੱਖਰ ਨਿਕਲਿਆ ਏ ? ਮੈਂ ਕਿਹਾ ਅੱਜ ਭਾਈ ਜੀ ਨੇ 'ਅ' ਬੋਲਿਆ ਏ, ਤੂੰ ਅੱਲ੍ਹਾ ਰੱਖਾ ਰੱਖ ਲੈ।

ਗਿਆਨ ਸਿੰਘ : ਫੇਰ ਉਸਨੇ ਰੱਖ ਲਿਆ ?

ਕਰਤਾਰ ਕੌਰ : ਆਹੋ ਉਹ ਤਾਂ ਬੜੀ ਖੁਸ਼ ਹੋਈ। ਅੱਲ੍ਹਾ ਰੱਖਾ, ਅੱਲ੍ਹਾ ਉਹਦੇ 'ਤੇ ਹਮੇਸ਼ਾਂ ਮਿਹਰ ਦਾ ਹੱਥ ਰੱਖੇਗਾ। ਲਹਿਣੋ ਮੇਰੀ ਬੜੇ ਨੇੜੇ ਦੀ ਸਹੇਲੀ ਸੀ, ਸਗੋਂ ਭੈਣਾਂ ਵਰਗੀ ਸੀ। ਗੁਰਨਾਮ ਜਦੋਂ ਹੋਇਆ ਤਾਂ ਲਹਿਣੋ

ਨੇ ਹੀ ਮੇਰੀ ਸੇਵਾ ਕੀਤੀ ਸੀ। ਲਹਿਣੋਂ ਦਾ ਇਹ ਪੁੱਤਰ ਅੱਲ੍ਹਾ ਰੱਖਾ ਤੇ ਮੇਰਾ ਗੁਰਨਾਮ ਇਕੱਠੇ ਖੇਡਦੇ ਵੱਡੇ ਹੋਏ ਨੇ... ਕੀ ਲਿਖਿਆ ਏ ਕਦੋਂ ਆਵੇਗਾ ? 7 ਦਸੰਬਰ, ਆਪਣੇ ਗੁਰਨਾਮ ਦੀ ਕੁੜੀ ਪਿੰਕੀ ਦਾ ਵਿਆਹ 23 ਦਸੰਬਰ, ਭਾਵੇਂ ਮੈਂ ਪੋਤਰੀ ਨੂੰ ਦੇਣ ਲਈ ਸਭ ਕੁਝ ਬਣਾਇਆ ਏ ਪਰ ਉਨ੍ਹਾਂ ਟਰੰਕਾਂ ਵਾਲੇ ਕੱਪੜਿਆਂ ਦਾ ਇਕ ਸੂਟ ਵੀ ਅੱਲ੍ਹਾ ਰੱਖਾ ਜੇ ਲੈ ਆਵੇ ਤਾਂ ਪਿੰਕੀ ਵੀ ਯਾਦ ਕਰੇਗੀ। ਉਹਦੀ ਦਾਦੀ ਨੇ ਉਹਨੂੰ ਕੀ ਤੋਹਫ਼ਾ ਦਿੱਤਾ ਏ, ਲਿਆਓ ਇਹ ਚਿੱਠੀ ਮੈਨੂੰ ਦਿਓ, ਸਾਂਭ ਕੇ ਰੱਖਾਂ। ਗੱਲਾਂ ਭਾਵੇਂ ਕੱਚੀ ਸਿਆਹੀ ਨਾਲ ਲਿਖੀਆਂ ਨੇ ਭਾਵੇਂ ਪੱਕੀ ਸਿਆਹੀ ਨਾਲ ਲਿਖੀਆਂ ਨੇ। ਟਰੰਕ ਜਿਸ ਨੂੰ ਦੇ ਕੇ ਆਏ ਹਾਂ, ਉਹ ਆਪ ਆ ਰਿਹਾ ਏ।

*(ਫੇਡ ਆਊਟ।)*

## ਝਾਕੀ ਦੂਸਰੀ

*(ਅੱਲ੍ਹਾ ਰੱਖਾ ਪ੍ਰਵੇਸ਼ ਕਰਦਾ ਹੈ। ਉਹਦੇ ਕਪੜੇ ਸਫ਼ਰ ਕਰਕੇ ਮੈਲੇ ਹਨ, ਛੋਟੀ ਜਿਹੀ ਗੰਢੜੀ ਵੀ ਉਹਦੀ ਕੱਛ ਵਿਚ ਹੈ, ਏਧਰ ਉਧਰ ਵੇਖ ਰਿਹਾ ਹੈ। (ਥੋੜਾ ਜਿਹਾ ਵਕਫਾ) ਦੂਜੇ ਪਾਸੇ ਤੋਂ ਗਿਆਨ ਸਿੰਘ ਆਉਂਦਾ ਹੈ।)*

ਗਿਆਨ ਸਿੰਘ : ਅੱਲ੍ਹਾ ਰੱਖਿਆ, ਕੀ ਵੇਖ ਰਿਹਾ ਏਂ ?

*(ਅੱਲ੍ਹਾ ਰੱਖਾ ਧਾਅ ਕੇ ਉਹਦੇ ਵੱਲ ਜਾਂਦਾ ਹੈ। ਪੈਰੀਂ ਪੈਂਦਾ ਹੈ। ਗਿਆਨ ਸਿੰਘ ਉਹਨੂੰ ਚੁੱਕ ਕੇ ਬਗ਼ਲ ਵਿਚ ਲੈਂਦਾ ਹੈ। ਬੜੀ ਜਜ਼ਬਾਤੀ ਜਿਹੀ ਮਿਲਣੀ ਹੈ। ਕਰਤਾਰ ਕੌਰ ਵੀ ਆਉਂਦੀ ਹੈ। ਅੱਲ੍ਹਾ ਰੱਖਾ ਉਹਦੇ ਪੈਰੀਂ ਪੈਂਦਾ ਹੈ। ਉਹ ਪਿਆਰ ਦੇਂਦੀ ਹੈ, ਮੱਥਾ ਚੁੰਮਦੀ ਹੈ।*

ਅੱਲ੍ਹਾ ਰੱਖਾ : (ਫੁੱਟਦਾ ਹੋਇਆ) ਮਾਸੀ ਤੇਰੀ ਭੈਣ ਸਾਨੂੰ ਵਿਛੋੜਾ ਦੇ ਗਈ। ਮਰਨ ਵੇਲੇ ਉਹਦੇ ਮੂੰਹ 'ਤੇ ਤੇਰਾ ਨਾਂ ਸੀ, ਭੈਣ ਕਰਤਾਰ ਕੌਰ...

ਕਰਤਾਰ ਕੌਰ : ਅੱਲ੍ਹਾ ਰੱਖਿਆ, ਉਹ ਮੇਰੀ ਭੈਣ ਹੀ ਨਹੀਂ... ਖਲੋਤਾ ਨਾ ਰਹਿ, ਬਹਿ ਜਾ ਨਾ।

*(ਗਿਆਨ ਸਿੰਘ ਚਾਹੁੰਦਾ ਏ ਕਿ ਉਹ ਉਹਦੇ ਮੰਜੇ 'ਤੇ ਬੈਠੇ, ਪਰ ਅੱਲ੍ਹਾ ਰੱਖਾ ਥੱਲੇ ਪੀੜ੍ਹੀ 'ਤੇ ਬੈਠਦਾ ਏ। ਫੇਰ ਆਲੇ-ਦੁਆਲੇ ਵੇਖਦਾ ਹੈ।)*

ਗਿਆਨ ਸਿੰਘ : ਅੱਲ੍ਹਾ ਰੱਖਿਆ, ਤੂੰ ਜਦੋਂ ਦਾ ਆਇਆ ਏ ਆਲੇ-ਦੁਆਲੇ ਹੈਰਾਨਗੀ ਨਾਲ ਹੀ ਵੇਖੀਂ ਜਾਨਾ ਏਂ ?

ਅੱਲ੍ਹਾ ਰੱਖਾ : ਵੇਖ ਰਿਹਾ ਹਾਂ ਕਿ ਸਰਦਾਰ ਜਿਹੜੇ ਉਥੇ ਆਪਣੀਆਂ ਹਵੇਲੀਆਂ ਛੱਡ ਕੇ ਆਏ ਨੇ, ਅੱਜ ਇਥੇ ਕੋਠਿਆਂ ਵਿਚ ਰਹਿ ਰਹੇ ਨੇ।... ਸਰਦਾਰ ਜੀ ਇਸ ਹੋਣੀ ਨੇ ਸਾਡੇ ਕੋਲੋਂ ਕਿਹੜੇ ਜਨਮਾਂ ਦਾ ਬਦਲਾ ਲਿਆ ਏ ?

*(ਕਰਤਾਰ ਕੌਰ ਗਿਲਾਸ ਵਿਚ ਚਾਹ ਅਤੇ ਪਲੇਟ ਵਿਚ ਮਿਠਾਈ ਪਾ ਕੇ ਲਿਆਉਂਦੀ ਹੈ। ਅੱਲ੍ਹਾ ਰੱਖਾ ਚਾਹ ਦਾ ਘੁੱਟ ਭਰਦਾ ਗੱਲ ਅੱਗੇ ਤੋਰਦਾ ਹੈ।)*

ਅੱਲ੍ਹਾ ਰੱਖਾ : ਸਰਦਾਰ ਜੀ, ਤੁਸੀਂ ਤਾਂ ਨਿਕਲ ਆਏ ਪਰ ਤੁਹਾਡੇ ਘਰਾਂ ਦੀ ਤਾਂ ਲੁੱਟ ਮੱਚ ਗਈ ਇਧਰੋਂ ਜਿਹੜੇ ਪਨਾਹਗੀਰ ਗਏ ਸਨ, ਉਹ ਅਤੇ ਨਾਲ ਹੀ ਪਿੰਡਾਂ ਦੇ ਤਕੜੇ ਮੁਸਲਮਾਨ ਗੱਡੇ ਲਿਆ ਸਰਦਾਰਾਂ ਦੇ ਘਰਾਂ ਤੋਂ ਸਮਾਨ ਭਰ-ਭਰ ਕੇ ਲੈ ਗਏ। ਪਤੀਲੇ, ਗਿਲਾਸ, ਥਾਲੀਆਂ, ਕੌਲੀਆਂ ਹੋਰ ਤੇ ਹੋਰ ਚਾਟੀਆਂ, ਘੜਵੰਜੀਆਂ ਤੱਕ ਵੀ ਲੈ ਗਏ। ਜੋ ਕਿਸੇ ਦੇ ਹੱਥ ਆਇਆ ਲੈ ਗਿਆ।

ਕਰਤਾਰ ਕੌਰ : ਨਾ, ਕਿਸੇ ਨੇ ਰੋਕਿਆ ਨਾ ?

ਅੱਲ੍ਹਾ ਰੱਖਾ : ਕਿਥੇ ਮਾਸੀ ? ਕਸਬੇ ਦਾ ਥਾਣੇਦਾਰ ਮੈਂ ਆਪਣੀ ਅੱਖੀਂ ਉਨ੍ਹਾਂ ਨਾਲ ਘੁੰਮਦਾ ਵੇਖਿਆ। ਅਸੀਂ ਗਰੀਬ ਤੇ ਕੰਮੀ ਕਮੀਣ ਬੱਸ ਇਹ ਸਾਰਾ ਕੁਝ ਵੇਖਦੇ ਹੀ ਰਹਿ ਗਏ ਤੇ ਸਰਦਾਰ ਜੀ... ਇਕ ਗੱਲ ਮਾੜੀ ਹੋਈ, ਤੁਹਾਡੇ ਪਸਾਰ ਤੇ ਬੈਠਕ ਅਗਲੇ ਮਹੀਨੇ ਹੀ ਅਗਲਿਆਂ ਨੇ ਛੱਤਾਂ ਉਧੇੜ ਲਈਆਂ। ਲੋਹੇ ਦੇ ਗਾਡਰ ਲਾਹ ਕੇ ਨਵੇਂ ਉਸਾਰ ਰਹੇ ਜ਼ਿਬਾਹਰ ਖਾਨੇ ਉੱਤੇ ਜਾ ਪਾਏ।

*(ਅੱਖਾਂ ਫੇਰ ਪੂੰਝਣ ਲੱਗ ਪੈਂਦਾ ਹੈ।)*

ਗਿਆਨ ਸਿੰਘ : ਚੱਲ ਅੱਲ੍ਹਾ ਰੱਖਿਆ ਇਹ ਤਾਂ ਹੁਣ ਜੱਗ ਬੀਤੀਆਂ ਦੀਆਂ ਗੱਲਾਂ ਹੋ ਗਈਆਂ। ਇਥੇ ਮੁਸਲਮਾਨਾਂ ਦੇ ਛੱਡੇ ਘਰਾਂ ਨਾਲ ਵੀ ਇਹੀ ਕੀਤਾ ਸੀ।

ਕਰਤਾਰ ਕੌਰ : ਅੱਲ੍ਹਾ ਰੱਖਿਆ, ਹੁਣ ਤੂੰ ਨਹਾ ਧੋ ਲੈ, ਪਾਣੀ ਗਰਮ ਮੈਂ ਬਾਲਟੀ ਵਿਚ ਪਾ ਦਿੱਤਾ ਏ।

*(ਅੱਲ੍ਹਾ ਰੱਖਾ ਉੱਠਦਾ ਹੈ। ਗੰਢੜੀ ਨਾਲ ਲੈ ਕੇ ਜਾਂਦਾ ਹੈ।)*

ਕਰਤਾਰ ਕੌਰ : (ਉਹਦੇ ਜਾਣ ਤੋਂ ਬਾਅਦ) ਸਫ਼ਰ ਵਿਚ ਰੁਲ ਗਿਆ ਏ ਵਿਚਾਰਾ, ਏਹਨੀ ਅਪਣਾਉਤ ਤੇ ਘਰ ਦਾ ਜੀਅ ਵੀ ਨਹੀਂ ਕੋਈ ਵਿਖਾਉਂਦਾ।

ਗਿਆਨ ਸਿੰਘ : ਗੱਲ ਗੱਲ 'ਤੇ ਉਦਰੇਵੇਂ ਦੇ ਅੱਥਰੂ ! ਲੁੱਟਿਆ ਸਾਡਾ ਘਰ ਗਿਆ, ਵਿਛੋੜਾ ਇਹਨੂੰ ਲੱਗਿਆ ਲਗਦਾ ਏ।

ਕਰਤਾਰ ਕੌਰ : ਮੈਂ ਸੋਚਦੀ ਸਾਂ ਸ਼ਾਇਦ ਟਰੰਕਾਂ ਵਿਚੋਂ ਕੋਈ ਚੀਜ਼ ਲੈ ਹੀ ਆਵੇ, ਪਰ ਗੰਢੜੀ ਵਿਚ ਤਾਂ ਕੁਝ ਵੀ ਨਹੀਂ ਲਗਦਾ।

ਗਿਆਨ ਸਿੰਘ : ਕਸਟਮ ਦੇ ਡਰੋਂ ਨਹੀਂ ਲਿਆਇਆ ਹੋਣਾ।

ਕਰਤਾਰ ਕੌਰ : ਤੁਸੀਂ ਟਰੰਕਾਂ ਦੀ ਗੱਲ ਪੁੱਛਣੀ।

ਗਿਆਨ ਸਿੰਘ : ਤਰੀਕੇ ਨਾਲ ਪੁੱਛਾਂਗਾ।

ਕਰਤਾਰ ਕੌਰ : ਤਰੀਕੇ ਨਾਲ ਕਿਉਂ ? ਸਿੱਧਾ ਪੁੱਛਣਾ, ਡਰਨਾ ਥੋੜ੍ਹਾ ਏ।

ਗਿਆਨ ਸਿੰਘ : ਮੈਂ ਵੀ ਕਹਾਂਗੀ ਤੁਸੀਂ ਵੀ ਕਰ ਲੈਣੀ। ਪੁੱਛਣਾ ਕਿ ਦੀਨੇ ਦੀ ਹੱਟੀ 'ਤੇ ਹੁਣ ਕੌਣ ਬਹਿੰਦਾ ਏ। ਉਹ ਬੜਾ ਕੰਜੂਸ ਮੱਖੀ ਚੂਸ ਸੀ। ਸਾਰੇ ਲੋਕ ਆ ਗਏ ਪਰ ਉਹ ਨਾ ਆਇਆ ਕਿਉਂਕਿ ਉਹਨੇ ਉਧਾਰ ਦੇ ਪੈਸੇ ਉਗਰਾਹੁਣੇ ਸਨ। ਉਹਦੀ ਹੱਟੀ ਦੇ ਸਮਾਨ ਦੀ ਗੱਲ ਕਰਦਿਆਂ ਕਰਦਿਆਂ ਤੁਸੀਂ ਇਤਬਾਰ ਦੀ ਗੱਲ ਕਰਨੀਂ ਤੇ ਇਤਬਾਰ ਦੀ ਗੱਲ ਵਿਚੋਂ ਹੀ ਟਰੰਕਾਂ ਦੀ ਗੱਲ ਨਿਕਲ ਆਏਗੀ। ਉਹ ਤਾਂ ਕਿਸੇ ਨੂੰ ਇਕ ਧੇਲਾ ਬਗੈਰ ਗੂਠਾ ਲਗਵਾਇਆ ਨਹੀਂ ਦੇਂਦਾ ਸੀ। ਪਰ ਅਸੀਂ ਤਾਂ ਭਰੇ ਭਰਾਏ ਟਰੰਕ ਇਤਬਾਰ 'ਤੇ ਹੀ ਰੱਖ ਆਏ।

ਗਿਆਨ ਸਿੰਘ : ਚੱਲ ਤਰੀਕੇ ਨਾਲ ਪੁੱਛਾਂਗਾ, ਹੋ ਸਕਦਾ ਹੈ ਉਹ ਆਪ ਹੀ ਗੱਲ ਕਰੇ।

*(ਅੱਲ੍ਹਾ ਰੱਖਾ ਨਹਾ ਕੇ ਆ ਜਾਂਦਾ ਹੈ, ਕਪੜੇ ਵੀ ਉਹਨੇ ਬਦਲ ਲਏ ਹਨ।)*

ਗਿਆਨ ਸਿੰਘ : (ਅੱਲ੍ਹਾ ਰੱਖਾ ਵੱਲ ਵੇਖ ਕੇ ਫੇਰ ਕਰਤਾਰ ਕੌਰ ਨੂੰ ਸੰਬੋਧਨ) ਲੈ ਵੇਖ ਲੈ ਆਪਣੇ ਅੱਲ੍ਹਾ ਰੱਖਾ ਦਾ ਹੁਲੀਆ ਹੀ ਬਦਲ ਗਿਆ ਏ।

ਅੱਲ੍ਹਾ ਰੱਖਾ : ਸਰਦਾਰ ਜੀ ਗਰਮ ਪਾਣੀ ਨਾਲ ਨਹਾ ਕੇ ਸਾਰਾ ਥਕੇਵਾਂ ਲਹਿ ਗਿਆ। ਅੰਮਾ ਕਹਿੰਦੀ ਹੁੰਦੀ ਸੀ ਕਿ ਸਿਆਲ ਵਿਚ ਨਹਾਉਣਾ ਹੋਵੇ ਤਾਂ ਗਰਮ ਪਾਣੀ ਨਾਲ ਨਹਾਵੋ, ਮਾਸੀ ਨੇ ਗਰਮ ਪਾਣੀ ਦਿੱਤਾ, ਅੰਮਾ ਦੀ ਯਾਦ ਆ ਗਈ।

ਕਰਤਾਰ ਕੌਰ : ਕਿਉਂ ਤੇਰੀ ਵਹੁਟੀ ਨਹੀਂ ਪਾਣੀ ਗਰਮ ਦੇਂਦੀ ?

ਅੱਲ੍ਹਾ ਰੱਖਾ : ਮਾਸੀ ਉਹਨੂੰ ਨਿਆਣਿਆਂ ਤੋਂ ਵਿਹਲ ਕਿਥੋਂ ?

ਕਰਤਾਰ ਕੌਰ : ਵੇ ਕਿੰਨੇ ਨਿਆਣੇ ਨੇ ਸੁੱਖ ਨਾਲ ਤੇਰੇ ?

ਅੱਲ੍ਹਾ ਰੱਖਾ : ਪੂਰੀ ਫੌਜ ਏ ਮਾਸੀ, ਤਿੰਨ ਮੁੰਡੇ ਤੇ ਦੋ ਕੁੜੀਆਂ। ਇਕ ਦੂਜੇ ਤੋਂ ਵੱਧ ਅੱਥਰੇ। ਇਕ ਦੂਜੇ ਦਾ ਝੱਗਾ ਪਿਛੋਂ ਫੜ ਕੇ ਰੇਲਗੱਡੀ ਦੀ ਖੇਡ ਖੇਡਣਗੇ...ਛੁਕ-ਛੁਕ। ਗਿਣਤੀ ਵੀ ਰੇਲ ਗੱਡੀ ਦੇ ਡੱਬਿਆਂ ਜਿੰਨੀ।

ਕਰਤਾਰ ਕੌਰ : ਚੱਲ ਅੱਜ ਮੈਂ ਤੈਨੂੰ ਮੇਵਿਆਂ ਵਾਲੀ ਖੀਰ ਖਵਾਵਾਂਗੀ। ਉਹ ਖਾ

ਕੇ ਵੀ ਤੈਨੂੰ ਅੰਮਾ ਦੀ ਯਾਦ ਆ ਜਾਵੇਗੀ। ਲਹਿਣੋਂ ਉਹ ਖੀਰ ਖਾਸ ਸ਼ੌਂਕ ਨਾਲ ਬਣਾਉਂਦੀ ਵੀ ਸੀ ਤੇ ਖਵਾਉਂਦੀ ਵੀ ਸੀ।

*(ਕਰਤਾਰ ਕੌਰ ਜਾਂਦੀ ਹੈ, ਅੱਲ੍ਹਾਂ ਰੱਖਾ ਪੀੜ੍ਹੀ 'ਤੇ ਬੈਠ ਜਾਂਦਾ ਹੈ। ਕਰਤਾਰ ਕੌਰ ਗਿਆਨ ਸਿੰਘ ਨੂੰ ਕੋਲ ਬੁਲਾ ਕੇ ਉਹਦੇ ਕੰਨ ਵਿਚ ਕਹਿੰਦੀ ਹੈ..."ਟਰੰਕਾਂ ਦੀ ਗੱਲ ਕਰਨੀ ਨਾ ਭੁੱਲਣਾ"।)*

ਅੱਲ੍ਹਾ ਰੱਖਾ : (ਗਿਆਨ ਸਿੰਘ ਨੂੰ) ਮੈਨੂੰ ਪਤਾ ਏ ਕਿ ਮਾਸੀ ਨੇ ਕੀ ਕਿਹਾ ਏ। ਇਹ ਤਾਂ ਦੱਸਣ ਲੱਗਿਆਂ ਸਾਂ ਮੱਤੀਆਂ ਵਾਲਿਓ, (ਪੱਗ ਦੇ ਲੜ ਨਾਲ ਅੱਖਾਂ ਪੂੰਝਦਾ ਹੈ) ਸਰਦਾਰ ਜੀ ਵੱਡਿਆਂ ਨੇ ਜਦੋਂ ਸਾਰਾ ਮਾਲ ਲੁੱਟ ਘੱਤਾ ਤਾਂ ਸਰਕਾਰੀ ਹੁਕਮ ਚੜ੍ਹ ਆਇਆ ਸਾਨੂੰ ਮਰਾਸੀਆਂ ਨੂੰ ਤੇ ਹੋਰ ਕੰਮੀਆ ਕਮੀਣਾ ਨੂੰ ਥਾਣੇਦਾਰ ਨੇ ਸੱਦ ਥਾਣੇ ਬਹਾ ਲਿਆ।

ਕਰਤਾਰ ਕੌਰ : (ਆਉਂਦੇ ਹੋਏ) ਵੇ ਉਹ ਕਿਉਂ ?

ਅੱਲ੍ਹਾ ਰੱਖਾ : ਅਖੇ ਸਰਦਾਰ ਤੇ ਤੁਹਾਨੂੰ ਆਪਣਾ ਮਾਲ ਦੇ ਗਏ ਹਨ, ਉਹ ਦੱਸ, ਅਸੀਂ ਕਿਥੋਂ ਮੰਨੀਏ ? (ਕੰਨਾਂ ਨੂੰ ਹੱਥ ਲਗਾ ਕੇ) ਸਾਡੇ ਲੋਕਾਂ ਉੱਤੇ ਉਹ ਕਹਿਰ ਟੁੱਟਾ ਪਈ ਰਹੇ ਰੱਬ ਦਾ ਨਾਂ। ਧੌਲ, ਠੁੱਡੇ, ਬੈਂਤ... ਸਰਦਾਰ ਜੀ, ਤੁਹਾਨੂੰ ਤੁਰਲੇ ਵਾਲੇ ਥਾਣੇਦਾਰ ਦਾ ਤਾਂ ਪਤਾ ਹੀ ਏ।

ਗਿਆਨ ਸਿੰਘ : ਪਤਾ ਕਿਉਂ ਨਹੀਂ ? ਉਧਰ ਦੀ ਪੁਲਿਸ ਹੋਵੇ ਇਧਰ ਦੀ ਪੁਲਿਸ ਹੋਵੇ, ਸੋਚਣੀ ਵੀ ਇਕੋ ਜਿਹੀ, ਤੁਰਲੇ ਵੀ ਇਕੋ ਜਿਹੇ, ਫਿਲੌਰ ਦੇ ਕਿਲ੍ਹੇ ਵਾਲੀ ਸਿਖਲਾਈ ਤਾਂ ਇਕੋ ਜਿਹੀ ਏ, ਅੰਗਰੇਜ਼ਾਂ ਦੀ ਦੇਣ।

ਅੱਲ੍ਹਾ ਰੱਖਾ : ਖੁੱਭਾਂ ਵਿਚ ਸੋਟੀ ਮਾਰੇ, ਅਖੇ ਪਈ ਸਾਨੂੰ ਉਤੋਂ ਹੁਕਮ ਚੜ੍ਹਿਆ ਏ। ਆ ਲੱਗਾ ਘਰ-ਘਰ ਦੀ ਤਲਾਸ਼ੀ ਲੈਣ, ਅਸੀਂ ਤਿੰਨੇ ਭਰਾ ਥਾਣੇ ਨੂੜੇ ਪਏ, ਉਧਰ ਸਾਡੀ ਜਿੰਦ ਵੜ-ਵੜ ਨਿਕਲੇ, ਬਈ ਇਹ ਤਾਂ ਅਮਾਨਤ ਵਿਚ ਖਿਆਨਤ ਹੋ ਗਈ।

ਗਿਆਨ ਸਿੰਘ : ਤੁਹਾਡੇ ਘਰ ਵੀ ਤਲਾਸ਼ੀ ਲੈਣ ਗਏ ?

ਅੱਲ੍ਹਾ ਰੱਖਾ : ਛੱਡਣ ਥੋੜਾ ਸੀ ? ਅਸੀਂ ਜਦੋਂ ਥਾਣੇ ਬਿਠਾਏ ਹੋਏ ਸੀ ਤਾਂ ਉਧਰ ਸਾਡੀਆਂ ਤੀਵੀਆਂ ਨੇ ਪਤਾ ਨਹੀਂ ਕਿਹੜੇ ਵਖ਼ਤਾਂ ਨਾਲ ਲੱਕ-ਲੱਕ ਟੋਏ ਪੁੱਟ ਕੇ ਵਿਚ ਟਰੰਕ ਧਰ ਉੱਤੇ ਲੇਪਨ ਦੇ ਦਿੱਤਾ।

ਕਰਤਾਰ ਕੌਰ : ਮੈਂ ਮਰ ਜਾਂ, ਏਨਾ ਵਖ਼ਤਾਂ ਉਨ੍ਹਾਂ ਨੂੰ ਪੈ ਗਿਆ ਟਰੰਕਾਂ ਦਾ।

ਅੱਲ੍ਹਾ ਰੱਖਾ : ਪਰ ਪੁਲਿਸ ਵਾਲਿਆਂ ਨੂੰ ਜਿਸ ਤਰ੍ਹਾਂ ਪਹਿਲਾਂ ਹੀ ਸਭ ਪਤਾ ਸੀ। ਆਉਂਦਿਆਂ ਹੀ ਉਨ੍ਹਾਂ ਸੋਟੀ ਮਾਰ-ਮਾਰ ਥਾਂ ਲੱਭ ਲਈ। ਕੁੱਟਦੇ-ਕੁੱਟਦੇ ਸਾਨੂੰ ਥਾਣਿਓਂ ਖਿੱਚ ਲਿਆਏ। ਹੌਲਦਾਰ ਤਿੰਨੇ ਟਰੰਕ ਸਾਡੇ

ਸਿਰਾਂ 'ਤੇ ਚੁਕਾ ਕੇ ਥਾਣੇਦਾਰ ਦੇ ਘਰ ਲੈ ਗਿਆ। ਅਸੀਂ ਥਾਣੇਦਾਰ ਦੇ ਘਰ ਅੰਦਰ ਤੱਕ ਗਏ, ਵੇਖਿਆ...

ਗਿਆਨ ਸਿੰਘ : ਕੀ ਵੇਖਿਆ ?

ਅੱਲ੍ਹਾ ਰੱਖਾ : ਵੇਖਿਆ ਕਿ ਰਸੂਲਪੁਰ ਦਾ ਨਵਾਬ, ਜਿਸ ਨੇ ਤੁਹਾਡੇ ਸਰਦਾਰਾਂ ਦੇ ਜਾਣ ਬਾਅਦ ਆਪਣੇ ਮੁਜ਼ਾਰੇ ਭੇਜ ਕੇ ਸਾਰਾ ਪਿੰਡ ਲੁੱਟ ਲਿਆ ਸੀ, ਥਾਣੇਦਾਰ ਦੀ ਬੈਠਕ ਬੈਠਾ ਪੀਵੀ ਜਾਵੇ। ਟਰੰਕ ਰਖਵਾ ਲਏ। ਥਾਣੇਦਾਰ ਅੰਦਰ ਗਿਆ, ਜ਼ਨਾਨਖਾਨੇ ਵਿਚ ਕਹਿ ਰਿਹਾ ਸੀ ਕਿ ਨਸੀਮ ਦੇ ਵਿਆਹ ਦੀ ਵਰੀ ਸਵਾਉਣ ਦੀ ਲੋੜ ਨਹੀਂ, ਸਭ ਕੁਝ ਆ ਗਿਆ ਏ।

ਕਰਤਾਰ ਕੌਰ : ਆਹੋ ਟੁੱਟ ਪੈਣੇ ਦੇ ਘਰ ਖੀਨਖਾਬ ਦੇ ਮਖਮਲ ਦੇ ਸੂਟ ਪਹੁੰਚ ਗਏ। ਉਹਦੀ ਨਸੀਮ ਨੂੰ ਹੋਰ ਕੀ ਲੋੜ ਸੀ। ਸੂਟ ਵੀ ਏਨੇ ਕਿ ਥਾਣੇਦਾਰ ਦੀ ਕੁੜਮਣੀ ਵੀ ਹੰਢਾ ਲਵੇ ਤੇ ਮੁਕਣ ਨਾ। ਹਾਇ ਮੈਂ ਤਾਂ ਉਨ੍ਹਾਂ ਨੂੰ ਇਕ ਵਾਰੀ ਵੀ ਪਾ ਕੇ ਨਹੀਂ ਵੇਖਿਆ ਸੀ...ਉਨ੍ਹਾਂ ਦਾ ਕੱਖ ਨਾ ਰਹੇ, ਜਿਨ੍ਹਾਂ ਮੁਲਕ ਵੰਡ ਘੱਤਿਆਂ, ਸਾਨੂੰ ਘਰੋਂ ਬੇਘਰ ਕਰ ਦਿੱਤਾ, ਥਾਣੇਦਾਰ ਦਾ ਵੀ ਕੱਖ ਨਾ ਰਹੇ, ਉਸ ਰਸੂਲਪੁਰ ਨਵਾਬ ਦਾ ਵੀ ਕੱਖ ਨਾ ਰਹੇ।

ਗਿਆਨ ਸਿੰਘ : ਚੱਲ ਹੁਣ ਚੁੱਪ ਵੀ ਕਰ ਜਾ, ਅਗੋਂ ਤੇ ਸੁਣ।

ਅੱਲ੍ਹਾ ਰੱਖਾ : ਸਾਨੂੰ ਆਖੇ ਤੁਹਾਡੇ ਉੱਤੇ ਮੁਕੱਦਮਾ ਦਾਇਰ ਕਰਨਾ ਏ, ਸਰਕਾਰੀ ਹੁਕਮ ਏ। ਫੇਰ ਥਾਣੇ ਬਹਾ ਲਿਆ। ਸਾਰੀ ਰਾਤ ਸਾਡੀ ਕੁੱਟ-ਮਾਰ ਹੁੰਦੀ ਰਹੀ, ਅਖੇ ਸਰਦਾਰਾਂ ਦੇ ਘਰ ਲੁੱਟੇ ਨੇ, ਤੁਹਾਡੇ ਉੱਤੇ ਚੋਰੀ ਦਾ ਇਲਜ਼ਾਮ ਏ। ਸਵੇਰੇ ਸਾਨੂੰ ਇਹ ਧਮਕੀ ਦੇ ਕੇ ਛੱਡ ਦਿੱਤਾ...ਅਖੇ ਜੇ ਤੁਸੀਂ ਕਿਸੇ ਨੂੰ ਦੱਸਿਆ ਕਿ ਟਰੰਕ ਥਾਣੇਦਾਰ ਦੇ ਘਰ ਨੇ ਤਾਂ ਤੁਹਾਡਾ ਪੱਕਾ ਟਿਕਾਣਾ ਜੇਲ੍ਹ ਵਿਚ ਹੋਵੇਗਾ। ਬੇਬੇ ਤੇ ਸਰਦਾਰ ਜੀ ਓਦਣ ਦੀ ਮੰਜੇ ਉੱਤੇ ਐਸੀ ਡਿੱਗੀ, ਮੁੜ ਕੇ ਉੱਠੀ ਹੀ ਨਹੀਂ।

*(ਅੱਖਾ ਪੂੰਝ ਕੇ ਇਕ ਮੁਦਰਾ ਵਿਚ ਚੁੱਪ ਕਰ ਜਾਂਦਾ ਹੈ।)*

ਗਿਆਨ ਸਿੰਘ : ਅੱਲ੍ਹਾ ਰੱਖਾ ਚੁੱਪ ਕਰ ਜਾ, ਆ ਰੁਣ ਰੋਟੀ ਖਾਈਏ, ਤੇਰੀ ਮਾਸੀ ਨੇ ਖਾਸ ਬਣਾਈ ਨੇ ਤੇਰੀਆਂ ਛੋਟਿਆਂ ਹੁੰਦਿਆਂ ਤੋਂ ਮਨਚਾਹੀਆਂ ਚੀਜ਼ਾਂ।

ਅੱਲ੍ਹਾ ਰੱਖਾ : ਆਹੋ ਮੈਂ ਤੇ ਗੁਰਨਾਮ ਨੇ ਨਿੱਕੇ ਹੁੰਦਿਆਂ ਕਿੰਨੀ ਵਾਰ ਇਕੱਠੇ ਮਾਸੀ ਦੇ ਚੌਂਕੇ ਬਹਿ ਕੇ ਖਾਧੀ ਸੀ।

*(ਦੋਨੋਂ ਚੌਂਕੇ ਵਾਲੇ ਪਾਸੇ ਤੋਂ ਅੰਦਰ ਵਾਰ ਜਾਦੇ ਹਨ। ਕਰਤਾਰ ਕੌਰ ਵੀ ਰੋਟੀ ਥਾਲੀਆਂ ਵਿਚ ਪਾ ਕੇ ਲਿਜਾਂਦੀ ਹੈ, ਸਟੇਜ*

*ਖਾਲੀ ਹੋ ਜਾਂਦੀ ਹੈ।)*

ਅੱਲ੍ਹਾ ਰੱਖਾ : (ਹੁਣ ਮਲਮਲ ਦੀ ਮਾਇਆ ਲਈ ਪੱਗ ਉਹਦੇ ਸਿਰ 'ਤੇ ਹੈ, ਇਕ ਨਵੇਂ ਖੇਸ ਦੀ ਬੁੱਕਲ ਉਹਨੇ ਮਾਰੀ ਹੋਈ ਹੈ।) ਲਓ ਸਰਦਾਰ ਜੀ, ਦੋ ਦਿਨ ਤੁਹਾਡੇ ਕੋਲ ਆ ਕੇ ਇੰਝ ਲੰਘ ਗਏ, ਪਤਾ ਹੀ ਨਹੀਂ ਲੱਗਾ। ਇਸ ਖੇਸ ਦੀ ਬੁੱਕਲ ਮਾਰ ਕੇ ਜਦੋਂ ਪਿੰਡ ਵਾਪਸ ਜਾਵਾਂਗਾ ਤਾਂ ਬਿਰਾਦਰੀ ਸਾਰੀ ਨੂੰ ਦੱਸਾਂਗਾ ਇਥੇ ਸਭ ਕੁਝ ਆਪਣਾ-ਆਪਣਾ ਲੱਗਿਆ।

ਗਿਆਨ ਸਿੰਘ : ਤੇ ਸਾਨੂੰ ਵੀ ਸਭ ਕੁਝ ਆਪਣਾ-ਆਪਣਾ ਲੱਗਿਆ। ਮਾਸੀ ਤੇਰੀ ਨੂੰ ਸਾਰੀਆਂ ਆਪਣੀਆਂ ਸਹੇਲੀਆਂ ਯਾਦ ਆ ਗਈਆਂ। ਭੈਂਗੀ ਜੁਲਾਹੀ ਵੀ ਤੇ ਕਰਮੀ ਤੇਲਣ ਵੀ।

ਅੱਲ੍ਹਾ ਰੱਖਾ : ਉਥੇ ਤਾਂ ਸਰਦਾਰ ਜੀ ਪਨਾਹਗੀਰ ਸਾਨੂੰ ਨੇੜੇ ਨਹੀਂ ਢੁਹਣ ਦੇਂਦੇ (ਥਾਲੀ ਵਿਚੋਂ ਰੋਟੀ ਚੁੱਕ ਕੇ ਤੇ ਹੱਥ 'ਤੇ ਰੱਖਦੇ ਹੋਏ) ਆ ਰਿਜ਼ਕ ਦੀ ਮਾਰ ਵਗੇ, ਜੇ ਝੂਠ ਬੋਲਾਂ ਤਾਂ, ਜਦੋਂ ਉਨ੍ਹਾਂ ਨੂੰ ਭੋਂਇ ਅਲਾਟ ਹੋਈ ਏ, ਸਾਡਾ ਤਾਂ ਜੀਣਾ ਹਰਾਮ ਕੀਤਾ ਹੋਇਆ ਉਨ੍ਹਾਂ ਨੇ। ਖੇਤਾਂ ਵਿਚ ਭੇਡਾਂ ਘੇਰ ਲੈਂਦੇ ਨੇ, ਵਾੜੇ ਵਿਚ ਆ ਕੇ ਗਿਣੋਂ ਤਾਂ ਇਕ ਦੋ ਗਾਇਬ। 50-100 ਦੀ ਗਰੀਬ ਮਾਰ, ਉਏ ਨਲੇਕੋਂ ਸਾਡੇ ਗਰੀਬਾਂ ਨੂੰ ਕੁੱਟ ਕੇ ਤੁਹਾਨੂੰ ਕਦੋਂ ਰੱਜ ਆਵੇਗਾ ?...ਗੰਨੇ, ਬਾਗ, ਸਬਜ਼ੀ ਦੇ ਨੇੜੇ ਨਹੀਂ ਲੱਗਣ ਦੇਂਦੇ।

ਗਿਆਨ ਸਿੰਘ : ਅਸੀਂ ਤਾਂ ਅੱਲ੍ਹਾ ਰੱਖਿਆ ਇਨ੍ਹਾਂ ਹੀਜ਼ਾਂ 'ਤੇ ਤੁਹਾਡਾ ਹੱਕ ਸਮਝਦੇ ਸਾਂ। ਸਾਡੇ ਘਰਾਂ ਵਾਸਤੇ ਹੀ ਤਾਂ ਤੋੜ ਕੇ ਲਿਆਉਂਦੇ ਸੀ।

ਅੱਲ੍ਹਾ ਰੱਖਾ : (ਮਾਨ ਨਾਲ) ਆਹੋ ਸਰਦਾਰ ਜੀ, ਅਸੀਂ ਵੀ ਹੱਕ ਸਮਝ ਕੇ ਲਿਆਉਂਦੇ ਸਾਂ, ਪਰ ਹੁਣ ਉਹ ਗੱਲਾਂ ਕਿਥੇ ? ਮੇਰਾ ਨਿੱਕਾ ਛੁਹਰ ਇਕ ਦਿਨ ਗੰਨਾ ਪੁੱਟ ਬੈਠਾ। ਵੱਟ ਉੱਤੇ ਪਟਕਾਅ ਪਟਕਾਅ ਮਾਰਿਆ ਅਗਲਿਆਂ ਨੇ ਕਸਾਈਆਂ ਵਾਂਗ। ਰਾਤ ਮਾਸੀ ਨੇ ਬੇਬੇ ਦੀਆਂ ਕਿੰਨੀਆਂ ਗੱਲਾਂ ਕੀਤੀਆਂ। ਸਾਗ ਚੀਰਦਿਆਂ ਉਹ ਸਾਰੇ ਪਿੰਡ ਦੀਆਂ ਗੱਲਾਂ ਸਾਂਝੀਆਂ ਕਰਦੀਆਂ ਪੁਰਾਣੇ ਟਰੰਕਾਂ ਦੀ ਗਿਣੀ ਗਿਣੀ ਕਮਲੀ ਬੇਬੇ ਕੱਸ ਨੂੰ ਨਾਲ ਲੈ ਕੇ ਇਕ ਦਿਨ ਸਾਗ ਲੈਣ ਤੁਰ ਪਈ। ਅਗਲਿਆਂ ਉਹ ਲਾਹ ਪਾਹ ਕੀਤੀ ਕਿ ਆਈ ਤਾਂ ਹੁਭਕੀ-ਹੁਭਕੀ ਰੋਈ ਜਾਏ, ਗੱਲ ਕੋਈ ਦੱਸੇ ਨਾ।...ਅਸੀਂ ਤਾਂ ਰੋਂਦੇ ਆਂ ਸਰਦਾਰ ਜੀ, ਸਾਡੇ ਸਰਦਾਰ ਏਧਰ ਆ ਗਏ, ਸਾਡਾ ਰਿਜ਼ਕ ਵੀ ਨਾਲ ਲੈ ਆਏ।

ਗਿਆਨ ਸਿੰਘ : ਅੱਲ੍ਹਾ ਰੱਖਿਆ ਏ ਜਿਨ੍ਹਾਂ ਲੀਡਰਾਂ ਨੇ ਦੇਸ਼ ਦੀ ਵੰਡ ਮੰਨੀ, ਉਨ੍ਹਾਂ

ਨੂੰ ਕਦੀ ਵੀ ਇਹ ਅਹਿਸਾਸ ਨਹੀਂ ਹੋਵੇਗਾ ਕਿ ਉਨ੍ਹਾਂ ਨੇ ਪੰਜਾਬੀ ਕੌਮ ਦਾ, ਪੰਜਾਬੀ ਬੋਲੀ ਦਾ, ਪੰਜਾਬੀ ਰਹਿਤਲ ਦਾ ਕੀ ਨੁਕਸਾਨ ਕੀਤਾ ਏ।

ਅੱਲ੍ਹਾ ਰੱਖਾ : ਅਸੀਂ ਤਾਂ ਆਪਣੀ ਧਰਤੀ 'ਤੇ ਹੀ ਬੇਗਾਨੇ ਹੋ ਗਏ, ਉਨ੍ਹਾਂ ਤਾਂ ਸਾਨੂੰ ਆਪਣੀਆਂ ਵੱਟਾਂ ਤੋਂ ਘਾਹ ਵੀ ਨਹੀਂ ਖੋਤਰਨ ਦੇਂਦੇ। ਨੈਤੇ ਦੀ ਮੌਤ ਦਾ ਅਸਲ ਕਾਰਨ ਮੈਂ ਰਾਤ ਤੁਹਾਨੂੰ ਦੱਸਿਆ ਨਹੀਂ ਸੀ। ਉਹ ਵੀ ਨਿਝੂਣੀ ਘਾਹ ਖਾਤਰ ਹੀ ਹੋਇਆ।

ਗਿਆਨ ਸਿੰਘ : ਨਿਝੂਣੀ ਘਾਹ ਖਾਤਰ ਕੀ ਹੋਇਆ ?

ਅੱਲ੍ਹਾ ਰੱਖਾ : ਤੁਹਾਡੇ ਹੁੰਦਿਆਂ ਸਾਡੀ ਵਾਅ ਵੱਲ ਕੋਈ ਨਹੀਂ ਵੇਖਦਾ ਪਰ ਹੁਣ ਅਨੈਤਾ ਇਕ ਦਿਨ ਭੇਡਾਂ ਚਾਰਨ ਗਿਆ ਹੋਇਆ ਸੀ। ਭੇਡਾਂ ਜਾ ਵੜੀਆਂ ਅਲਾਟੀਆਂ ਦੀ ਪੈਲੀ ਵਿਚ। ਪੈਲੀ ਵਿਚ ਬੀਜਿਆ ਕੁਝ ਨਹੀਂ ਸੀ ਹੋਇਆ, ਸਿਰਫ਼ ਘਾਹ ਹੀ ਸੀ। ਨਾਲੇ ਭੇਡਾਂ ਦਾ ਕੀ ਏ, ਜਿਧਰ ਤੁਰ ਪੈਣ, ਤੁਰ ਪੈਣ। ਅਲਾਟੀਆਂ ਨੇ ਪਹਿਲੇ ਤਾਂ ਪੈਂਦਿਆਂ ਹੀ ਗਾਲ੍ਹ ਕੱਢੀ ਕਿ ਮਾਵਾਂ ਆਪਣੀਆਂ ਨੂੰ ਇਥੇ ਖਸਮ ਲੱਭਣ ਲਈ ਛੱਡਿਆ ਹੋਇਆ ਏ। ਅਨੈਤੇ ਨੇ ਹੱਥ ਜੋੜ ਕੇ ਆਖਿਆ, ਸਾਂਈ ਗਾਲ੍ਹ ਨਾ ਕੱਢੋ, ਬੇਸਮਝੀਆਂ ਖਾਲੀ ਪੈਲੀ ਵੇਖ ਕੇ ਵੜ ਗਈਆਂ, ਅਗੋਂ ਧਿਆਨ ਰੱਖਾਂਗਾ। ਉਹ ਤਾਂ ਅਗੋਂ ਹੋਰ ਸਿਰ ਚੜ੍ਹ ਗਏ, ਪੁੱਠੀ ਕੁਹਾੜੀ ਮਾਰੀ ਮੌਰਾਂ ਵਿਚ, ਪਤਾ ਨਹੀਂ ਕੋਈ ਕੁਵੱਲੀ ਸੱਟ ਲੱਗ ਗਈ ਜਾਂ ਅੰਦਰੋਂ ਅੰਦਰ ਕੋਈ ਝੋਰਾ ਲੱਗ ਗਿਆ ਸੀ ਉਸਨੂੰ, ਬਸ ਦਗਾ ਦੇ ਗਿਆ। (ਉਹਦਾ ਗੱਚ ਭਰ ਜਾਂਦਾ ਹੈ) ਦੋ ਛੋਹਰੀਆਂ ਨੇ ਵਿਆਹੁਣ ਜੋਗੀਆਂ ਉਹਦੀਆਂ, ਵੱਡੀ ਨੂੰ ਓਹੀ ਮੰਗ ਗਿਆ ਸੀ ਮੁੜਾਂ ਆਲੇ ਅੱਸੂ ਦਾ ਵਿਆਹ ਏ... ਅਸੀਂ ਤਾਂ ਤੁਹਾਡੀ ਰਾਜੇ ਲੋਕਾਂ ਦੀ ਸੇਵਾ ਕਰਦੇ ਸਾਂ, ਨਾ ਖਾਣ ਦੀ ਕਮੀ, ਨਾ ਪਹਿਨਣ ਦੀ, ਹੁਣ ਤਾਂ ਜੂਨ ਕੱਟੀ ਆ ਸਰਦਾਰ ਜੀ...ਬਸ ਇਕ ਝੋਰਾ ਏ ਸਰਦਾਰ ਜੀ, ਬਈ ਅਮਾਨਤ ਵਿਚ ਖਿਆਨਤ ਹੋ ਗਈ (ਰੋਈ ਜਾਂਦਾ ਹੈ)।

ਗਿਆਨ ਸਿੰਘ : ਸਹੁਰੀ ਹੋ ਗਈ ਅਮਾਨਤ, ਤੂੰ ਰੋਂਦਾ ਕਿਉਂ ਏ ਕਮਲਿਆ।

*(ਕਰਤਾਰ ਕੌਰ ਆਉਂਦੀ ਹੈ। ਉਹਦੇ ਹੱਥਾਂ ਵਿਚ ਇਕ ਲਿਫਾਫਾ ਹੈ)*

ਕਰਤਾਰ ਕੌਰ : ਕੀ ਹੋਇਆ ਅੱਲ੍ਹਾ ਰੱਖਿਆ, ਰਾਤੀਂ ਤਾਂ ਏਡੇ ਮਸ਼ਗੂਲੇ ਸੁਣਦਾ ਰਿਹਾ, ਭੈਂਗੀ ਜੁਲਾਹੀ ਦੀਆਂ ਨਕਲਾਂ ਲਗਾਉਂਦਾ ਰਿਹਾ, ਚੂੜੀਆਂ ਚੜਾਉਣ ਵਾਲੇ ਪੰਜਾਰੇ ਨਾਲ ਕਿਸ ਤਰ੍ਹਾਂ ਭੈਂਗੀ ਅੱਖ ਨਾਲ ਇਸ਼ਾਰੇ

ਕਰਦੀ ਸੀ।

*(ਅੱਲ੍ਹਾ ਰੱਖਾ ਰੋਂਦਾ-ਰੋਂਦਾ ਹੱਸ ਪੈਂਦਾ ਹੈ)*

ਗਿਆਨ ਸਿੰਘ : ਵੇਖਿਆ ਜੁਲਾਹੀ ਦੀ ਗੱਲ ਸੁਣ ਕੇ ਕਿਸ ਤਰ੍ਹਾਂ ਵਾਛਾਂ ਖਿਲ ਗਈਆਂ। (ਕਰਤਾਰ ਕੌਰ ਨੂੰ) ਨੈਤੇ ਦੀਆਂ ਧੀਆਂ ਦੀ ਗੱਲ ਕਰ ਰਿਹਾ ਸੀ। ਵੱਡੀ ਦਾ ਅੱਸੂ ਦਾ ਵਿਆਹ ਧਰਿਆ ਏ।

ਕਰਤਾਰ ਕੌਰ : ਮੈਂ ਸੁਣ ਲਿਆ ਸੀ, ਤਾਹੀਓਂ ਤਾਂ...

ਗਿਆਨ ਸਿੰਘ : ਤਾਹੀਓਂ ਕੀ ?

ਕਰਤਾਰ ਸਿੰਘ : ਉਹਦੇ ਲਈ ਇਹ ਦੋ ਸੂਟ ਅੱਲ੍ਹਾ ਰੱਖਾ ਦੇ ਹੱਥ ਭੇਜਣੇ ਨੇ।

ਗਿਆਨ ਸਿੰਘ : ਏਨੀ ਜਲਦੀ ਬਣਾ ਵੀ ਲਏ ?

ਕਰਤਾਰ ਕੌਰ : ਪਿੰਕੀ ਦੀ ਵਰੀ ਲਈ ਬਣਾਏ ਸਨ, ਉਨ੍ਹਾਂ ਵਿਚੋਂ ਨੇ। (ਅੱਲ੍ਹਾ ਰੱਖਾ ਨੂੰ ਲਿਫ਼ਾਫਾ ਦੇਂਦੇ) ਅੱਲ੍ਹਾ ਰੱਖਿਆ ਰੱਖ ਲੈ ਲਹਿਣੇ ਦੀ ਪੋਤਰੀ ਮੇਰੀ ਪੋਤਰੀ ਏ।

*(ਤਿੰਨੋਂ ਪਾਤਰ ਇਕ ਵਿਸ਼ੇਸ਼ ਮੁਦਰਾ ਵਿਚ ਮੂਕ ਹੁੰਦੇ ਹਨ ।)*

ਨਾ ਤਿਲ ਦੀਆਂ ਗੱਲਾਂ ਸੱਚੀਆਂ ਨੇ
ਨਾ ਸੋਹਾਂ ਦੀਆਂ ਗੱਲਾਂ ਸੱਚੀਆਂ ਨੇ
ਸਾਂਝੇ ਦੀਆਂ ਗੱਲਾਂ ਸੱਚੀਆਂ ਨੇ
ਪਿਆਰਾਂ ਦੀਆਂ ਗੱਲਾਂ ਸੱਚੀਆਂ ਨੇ।

*(ਸਮਾਪਤ)*